International Journal of Applied Research 2015; 1(5): 256-257




**ISSN Print:** 2394-7500
**ISSN Online:** 2394-5869
**Impact Factor:** 5.2
IJAR 2015; 1(5): 256-257
www.allresearchjournal.com
Received: 22-02-2015
Accepted: 25-03-2015

**ਪ੍ਰੋ. ਬੂਟਾ ਸਿੰਘ ਧਾਲੀਵਾਲ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ, ਪੰਜਾਬ, ਭਾਰਤ.

**Correspondence**
**ਪ੍ਰੋ. ਬੂਟਾ ਸਿੰਘ ਧਾਲੀਵਾਲ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ, ਪੰਜਾਬ, ਭਾਰਤ

# ਗੁਰਮੇਲ ਮਡਾਹੜ ਦੀਆਂ ਕਹਾਣੀਆਂ ਵਿਚ ਕਿਰਸਾਨੀ ਚੇਤਨਾ

**ਪ੍ਰੋ. ਬੂਟਾ ਸਿੰਘ ਧਾਲੀਵਾਲ**

**ਸਾਰੰ ਯ**
ਇਹ ਸੱਚ ਹੈ ਕਿ ਪੰਜਾਬ ਦਾ ਤਕਰੀਬਨ 75% ਖਿੱਤਾ ਖੇਤੀਬਾੜੀ 'ਤੇ ਨਿਰਭਰ ਕਰਦਾ ਹੈ। ਸੋ ਹਰੇਕ ਪੰਜਾਬੀ ਕਹਾਣੀਕਾਰ/ਲੇਖਕ ਆਪਣੀਆਂ ਰਚਨਾਵਾਂ ਵਿਚ ਕਿਸਾਨ ਵਰਗ ਦੇ ਜੀਵਨ ਜਾਂ ਹਾਲਾਤਾਂ ਨੂੰ ਵਿਸ਼ਾ ਜ਼ਰੂਰ ਬਣਾਉਂਦਾ ਹੈ। ਗੁਰਮੇਲ ਮਡਾਹੜ ਚੰਗੀ ਤਰ੍ਹਾਂ ਜਾਣਦਾ ਹੈ ਕਿ ਪੰਜਾਬ ਦੀ ਰੀੜ੍ਹ ਦੀ ਹੱਡੀ (ਕਿਸਾਨ) ਹੁਣ ਕਿੰਨੀ ਕਮਜ਼ੋਰ ਹੋ ਚੁੱਕਾ ਹੈ। ਭਾਵੇਂ ਬਦਲਦੇ ਸਿਆਸੀ ਹਾਲਾਤਾਂ ਅਤੇ ਮਹਿੰਗਾਈ ਨੇ ਇਸ ਵਰਗ ਨੂੰ ਪਹਿਲੇ ਹੀ ਹਿਲਾ ਕੇ ਰੱਖਿਆ ਹੈ, ਪ੍ਰੰਤੂ ਅਜੋਕੇ ਯੁੱਗ ਵਿੱਚ ਕਿਸਾਨੀ ਸਮਾਜ ਅੰਦਰ ਪੈਦਾ ਹੋ ਚੁੱਕੀਆਂ ਅਰਾਮ ਪ੍ਰਸਤੀ ਅਤੇ ਲੋਕ ਦਿਖਾਵੇ ਵਾਲੀਆਂ ਬਿਰਤੀਆਂ ਨੇ ਵੀ ਕਿਸਾਨੀ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਰਹਿੰਦੀ ਕਸਰ ਚਿੱਟੀਆਂ ਗੱਦੀਆਂ ਤੇ ਬੈਠੇ ਆੜ੍ਹਤੀਏ ਕੱਢ ਦਿੰਦੇ ਹਨ।

**ਮੁ!ਖ ਸਬਦ :** ਕਿਰਸਾਨੀ ਚੇਤਨਾ, ਯਥਾਰਥ ਪ੍ਰਗਤੀਵਾਦੀ, ਵਿਅੰਗ, ਵਿਕਰਾਲ ਆਦਿ.

ਜੀਰੀ ਲਾਉਣ ਪਿੱਛੇ ਕਿਸਾਨ ਦੀ ਆਰਥਿਕਤਾ ਵਾਲ਼ੀ ਮਾਨਸਿਕਤਾ ਨੇ ਜਿਥੇ ਧਰਤੀ ਦੇ ਪਾਣੀ ਦਾ ਪੱਧਰ ਨੀਵਾਂ ਕੀਤਾ ਹੈ, ਉੱਥੇ ਕਿਸਾਨ ਦੇ ਖਰਚੇ ਵੀ ਹੱਦੋਂ ਵੱਧ ਵਧਾ ਦਿੱਤੇ ਹਨ। ਅਜਿਹੀ ਸਥਿਤੀ ਵਿੱਚ ਕਿਸਾਨਾਂ ਦਾ ਤਰਾਹ ਨਿਕਲ ਚੁੱਕਾ ਹੈ। ਹੇਠਾਂ ਜਾ ਚੁੱਕੇ ਧਰਤੀ ਹੇਠਲੇ ਪਾਣੀ ਦੇ ਪੱਧਰ ਕਾਰਨ ਬੋਰ ਖੜ੍ਹ ਰਹੇ ਹਨ, ਮੋਟਰਾਂ ਸੜ ਰਹੀਆਂ ਹਨ ਪਾਣੀ ਦੀ ਪ੍ਰਾਪਤੀ ਲਈ ਨਵੇਂ ਬੋਰ ਲਵਾਉਣੇ, ਵੱਡੀਆਂ ਮੋਟਰਾਂ ਰਖਾਉਣੀਆਂ ਅਜਿਹੇ ਕਰਮ ਹਨ, ਜਿਨ੍ਹਾਂ ਨੇ ਕਿਸਾਨ ਦੇ ਖਰਚੇ ਹੱਦੋਂ ਵੱਧ ਦਿੱਤੇ ਹਨ। ਇਸ ਸਾਰੀ ਪ੍ਰਕਿਰਿਆ ਵਿਚ ਧਰਤੀ ਤੇ ਪਏ ਬੋਝ ਬਾਰੇ ਕਿਸੇ ਨੂੰ ਨਾ ਕੋਈ ਫਿਕਰ ਹੈ ਅਤੇ ਨਾ ਸੋਝੀ। ਧਰਤੀ ਸੋਕੇ ਦੀ ਮਾਰ ਤਰੇੜੀ ਪਈ ਹੈ ਪਰ ਕਿਸਾਨਾਂ ਨੂੰ ਬਿਜਲੀ ਦੇ ਲੰਮੇ-ਲੰਮੇ ਕੱਟਾਂ ਨੇ ਪ੍ਰੇਸ਼ਾਨ ਕਰ ਰੱਖਿਆ ਹੈ।

ਗੁਰਮੇਲ ਮਡਾਹੜ ਜਾਣਦਾ ਹੈ ਕਿ ਕਿਸਾਨੀ ਦਹਾਕੇ ਪਹਿਲਾਂ ਆਰਥਿਕ ਮੰਦਵਾੜੇ ਦਾ ਸ਼ਿਕਾਰ ਹੋਣੀ ਸ਼ੁਰੂ ਹੋ ਗਈ ਸੀ, ਪ੍ਰੰਤੂ ਛੋਟੇ ਕਿਸਾਨਾਂ ਦਾ ਹਾਲ ਮਹਿੰਗਾਈ, ਸਰਕਾਰੀ ਨੀਤੀਆਂ, ਮਹਿੰਗੇ ਭਾਅ ਦੇ ਬੀਜਾਂ ਤੇ ਦਵਾਈਆਂ ਨੇ ਬਦ ਤੋਂ ਬਦਤਰ ਕਰ ਦਿੱਤਾ ਹੈ। ਛੋਟੇ ਕਿਸਾਨਾਂ ਦੀ ਅਰਥਿਕ ਹਾਲਤ ਦਲਿਤਾਂ ਵਾਲੀ ਹੋ ਚੁੱਕੀ ਹੈ। ਘੱਟ ਜ਼ਮੀਨ ਕਰਕੇ ਆਮਦਨ ਤਾਂ ਘੱਟ ਹੁੰਦੀ ਹੀ ਹੈ, ਪ੍ਰੰਤੂ ਖੇਤੀ ਦੇ ਖਰਚਿਆਂ ਨੇ ਕਿਸਾਨ ਨੂੰ ਨਾ ਖਾਣ ਤੇ ਨਾ ਪਹਿਨਣ ਜੋਗਾ ਛੱਡਿਆ ਹੈ। 'ਬੂਟਾਂ ਦੀ ਦੁਕਾਨ ਤੇ' ਵਿਚਲਾ ਕਿਸਾਨ ਜਦੋਂ 'ਕੋਈ ਸਸਤੀਆਂ ਜੀਆਂ ਜੁੱਤੀਆਂ' ਖ਼ਰੀਦਣ ਲਈ ਦੁਕਾਨ ਤੇ ਚੜ੍ਹਦਾ ਹੈ ਤਾਂ ਸ਼ਹਿਰੀ ਬਾਬੂਆਂ ਦੀ ਠਾਠ-ਬਾਠ ਮੂਹਰੇ ਉਹ ਹੋਰ ਵੀ ਗ਼ਰੀਬੜਾ ਜਿਹਾ ਬਣ ਜਾਂਦਾ ਹੈ। ਗੁਰਮੇਲ ਮਡਾਹੜ ਦਾ ਪਾਤਰ ਚੰਗੀ ਤਰ੍ਹਾਂ ਜਾਣਦਾ ਹੈ ਕਿ ਸ਼ਹਿਰੀ ਸੇਠਾਂ ਦੀਆਂ ਚਿਕਨੀਆ-ਚੋਪੜੀਆਂ ਗੱਲਾਂ ਹੁਣ ਤੱਕ ਕਿਵੇਂ ਉਨ੍ਹਾਂ ਨੂੰ ਮੂਰਖ ਬਣਾਉਂਦੀਆਂ ਰਹੀਆਂ ਹਨ। ਇਸੇ ਲਈ ਜਦੋਂ ਦੁਕਾਨਦਾਰ ਕਿਸਾਨ ਨੂੰ ਕਹਿੰਦਾ ਹੈ ਕਿ ਇਸ ਸੌਦੇ ਵਿਚ ਸਾਨੂੰ ਕੁੱਝ ਨਹੀਂ ਬਚਦਾ ਤੇ ਤੇਰੇ ਤੋਂ (ਕਿਸਾਨ ਤੋਂ) ਕਿਹੜਾ ਮੈਂ ਜ਼ਿਆਦਾ ਪੈਸੇ ਲੈਣੇ ਹਨ, ਤਾਂ ਕਿਸਾਨ ਕਹਿੰਦਾ ਹੈ ਕਿ ਥੋਡੀਆਂ ਇਹੋ ਗੱਲਾਂ ਹੀ ਸਾਨੂੰ ਮਾਂਜਦੀਆਂ ਹਨ। ਭਾਵ ਮੂਰਖ ਬਣਾਉਂਦੀਆਂ ਹਨ। ਪਰੰਤੂ ਪ੍ਰਾਪਤ ਸਥਿਤੀ ਦਾ ਵਿਅੰਗ ਇਹ ਹੈ ਕਿ ਛੋਟੇ ਕਿਸਾਨਾਂ ਦੇ ਹੇਠ ਕੰਮ ਕਰ ਰਹੇ ਕੰਮੀ ਕੋਲ ਸਹੂਲਤਾਂ ਸਗੋਂ ਓਦੂੰ ਵੀ ਹੇਠਲੀ ਪੱਧਰ ਦੀਆਂ ਹਨ।

"ਜੁੱਤੀਆਂ ਜਿਸ ਦੇ ਕੰਨਿਆਂ ਤੇ ਟਾਕੀਆਂ ਲਵਾਈਆਂ ਹੋਈਆਂ ਹਨ, ਅੱਡੀਆਂ ਬਿਲਕੁਲ ਘਸ ਚੁੱਕੀਆਂ ਹਨ, ਬੂਟਾਂ ਦੇ ਡੱਬੇ ਵਿੱਚ ਪਾਉਣ ਲੱਗ ਪੈਂਦਾ ਹੈ।"

"ਸਿਟ ਪਰੇ ਇਹਦਾ ਕੀ ਕਰੇਂਗਾ?"

"ਸੀਰੀ ਨੂੰ ਦੇ ਦੂੰ।"

"ਐਹੋ ਜਿਹੀਆਂ?"

"ਹਾਂ ਜੀ, ਉਹਦੇ ਕੋਲ ਤਾਂ ਐਈ੍ਹਆਂ ਜੀਆਂ ਵੀ ਨੀ।"

ਕਿਸਾਨੀ ਦੀਆਂ ਮਜ਼ਬੂਰੀਆਂ ਅਤੇ ਥੁੜਾਂ ਜਿੱਥੇ ਕਿਸਾਨ ਦੇ ਜੀਵਨ ਨੂੰ ਘੁਣ ਵਾਂਗ ਖਾ ਰਹੀਆਂ ਹਨ, ਉੱਥੇ ਸਥਿਤੀਆਂ ਵਿੱਚ ਬੱਝਿਆ ਮਨੁੱਖ ਅਪਣੇ ਜੀਵਨ ਦੀਆਂ ਪ੍ਰੇਮ ਪੂਰਨ ਸੁਖਦ ਘੜੀਆਂ ਦਾ ਆਨੰਦ ਵੀ

ਨਹੀਂ ਮਾਣ ਸਕਦਾ। "ਇੱਕ ਰਾਤ ਦਾ ਮੁੱਲ" ਕਹਾਣੀ ਅਜਿਹੀਆਂ ਮਜ਼ਬੂਰੀਆਂ ਦੀ ਕਹਾਣੀ ਹੈ ਕਿ ਕੋਈ ਮਨੁੱਖ ਆਪਣੇ ਜੀਵਨ ਦੇ ਅਹਿਮ ਪਲ ਵੀ ਖੇਤਾਂ ਵਿੱਚ ਹਨੇਰੇ ਝਾਗਦਿਆਂ ਬਿਤਾਉਂਦਾ ਹੈ। ਇਸ ਕਹਾਣੀ ਵਿਚਲਾ ਪਾਤਰ ਵਿਆਹ ਤੋਂ ਅਗਲੇ ਦਿਨ ਜਦੋਂ ਡੰਗਰਾਂ ਨੂੰ ਕੱਖ ਪਾਉਂਣ ਲਈ ਘਰੋ ਨਿਕਲਿਆ ਤਾਂ ਉਸ ਨੂੰ ਯਾਦ ਆਉਂਦਾ ਹੈ ਕਿ ਅੱਜ ਤਾਂ ਉਨ੍ਹਾਂ ਦੀ ਪਾਣੀ ਦੀ ਵਾਰੀ ਹੈ। ਹਾਲਾਤ ਦਾ ਵਿਅੰਗ ਇਹ ਹੈ ਕਿ ਉਸ ਲਈ ਵਿਆਹੁਤਾ ਜੀਵਨ ਦੇ ਪਹਿਲੇ ਦਿਨ ਨਾਲੋਂ ਸਿਰ ਚੜ੍ਹਿਆ ਕਰਜ਼ਾ ਜ਼ਿਆਦਾ ਅਹਿਮੀਅਤ ਰੱਖਦਾ ਹੈ। "ਅਸੀਂ ਤਾਂ ਕੱਲ੍ਹ ਵੀ ਸੌਂ ਲਾਂਗੇ ਪਰ ਪਾਣੀ ਤਾਂ ਛੱਡਣਾ ਬਹੁਤ ਔਖਾ ਸੀ, ਅੱਜ ਦਾ ਖੁੰਝਿਆ ਖ਼ਬਰੇ ਫੇਰ ਕਦੋਂ ਮਿਲਦਾ..... ਫੇਰ ਸਾਰੀ ਫਸਲ ਸੋਕੇ ਨਾਲ ਮਾਰੀ ਜਾਣੀ ਸੀ......... ਸਿਰ ਚੜ੍ਹਿਆ ਕਰਜਾ ਕਿਵੇਂ ਲਹਿੰਦਾ.........।"

ਕਿਸਾਨ ਦਾ ਦਰਦ ਇਹ ਹੈ ਕਿ ਮਨ ਕੇ ਲਈ ਵਾਰੀ ਵਿਚ ਜੇ ਕੋਈ ਚੋਰੀ ਨੱਕਾ ਵੱਢ ਲਏ ਤਾਂ ਉਹ ਪੁੱਤਾ ਵਾਂਗ ਪਲ ਰਹੀ ਫ਼ਸਲ ਨੂੰ ਬਚਾਉਣ ਲਈ ਹਰ ਕਸ਼ਟ ਝੱਲ ਜਾਂਦਾ ਹੈ। ਕਹਾਣੀ ਵਿਚਲੇ ਸੁਰਜਣ ਦਾ ਪਿਉ ਕਕਰੀਲੀ ਰਾਤ ਵਿਚ ਵੱਡੇ ਹੋਏ ਨੱਕੇ ਅੱਗੇ ਬੈਠ ਜਾਂਦਾ ਹੈ, ਕਿਉਂਕਿ ਵਾਰੀ ਦਾ ਪਾਣੀ ਉਸ ਲਈ ਜਾਨ ਤੋਂ ਵੀ ਵੱਧ ਕੀਮਤੀ ਹੈ। ਪਾਣੀ ਦੀ ਕੀਮਤ ਇੰਨੀ ਹੈ ਕਿ ਜਦੋਂ ਕੁਝ ਪਾਣੀ ਨੱਕੇ ਮੂਹਰੇ ਬੈਠੇ ਬੁੱਢੇ ਦੀਆਂ ਕੱਛਾਂ ਵਿੱਚੋਂ ਨਿੱਕਲ ਕੇ ਸਰਦਾਰਾਂ ਦੇ ਖੇਤ ਪੈ ਰਿਹਾ ਹੁੰਦਾ ਤਾਂ ਉਸ ਨੂੰ ਜਾਪਦਾ ਹੈ ਕਿ ਉਸ ਦੇ ਸਰੀਰ ਦਾ ਖੂਨ ਸਿੰਮ ਕੇ ਸਰਦਾਰਾਂ ਦੇ ਖੇਤ ਵਿਚ ਪੈ ਰਿਹਾ ਹੈ।

ਗੁਰਮੇਲ ਮਡਾਹੜ ਪ੍ਰਾਪਤ ਸਥਿਤੀਆਂ ਦੇ ਯਥਾਰਥ ਨੂੰ ਭਲੀ-ਭਾਂਤ ਸਮਝਦਾ ਹੈ। ਸਰਕਾਰੀ ਅੰਕੜਿਆਂ ਅਤੇ ਆੜ੍ਹਤੀਆਂ ਦੀ ਨਜ਼ਰ ਵਿਚ ਚਾਹੇ ਹਰੇਕ ਫ਼ਸਲ ਤੇ 'ਵੱਟਤ ਤਾਂ ਬਹੁਤ ਹੋ ਗਈ ਆ' ਦਾ ਪ੍ਰਚਾਰ ਭਾਰੂ ਰਹੇ, ਪ੍ਰੰਤੂ ਇਹ ਤਾਂ ਕਿਸਾਨ ਹੀ ਜਾਣਦਾ ਹੈ। ਕਿ 'ਹਿਸਾਬ ਲਾ ਕੇ ਦੇਖੀਏ ਤਾਂ ਛੋਟੇ ਜਿਮੀਂਦਾਰ ਦੇ ਪੱਲੇ ਕੱਖ ਵੀ ਨਹੀਂ ਪੈਂਦਾ, ਸਿਰਫ਼ ਆਈ-ਚਲਾਈ ਹੀ ਹੁੰਦੀ ਹੈ। ਰਹੀ ਭਾਅ ਦੀ... ਉਹ ਚਾਰ ਸਾਲਾਂ ਤੋਂ ਉਹੀ ਤੁਰਿਆ ਆ ਰਿਹਾ ਹੈ, ਜਦ ਕਿ ਰੇਹ ਦੀ ਬੋਰੀ ਦੀ ਕੀਮਤ ਡੂਢੀ ਹੋ ਗਈ ਹੈ। ਦੋ-ਦੋ ਮਹੀਨੇ ਨਹਿਰਾਂ 'ਚ ਪਾਣੀ ਨਹੀਂ ਆਉਂਦਾ, ਮਾਮਲਾ ਉਹੀ ਲਿਆ ਜਾਂਦਾ ਹੈ ਤੇ ਫੇਰ ਮੋਟਰਾਂ ਤੇ ਬਿਜਲੀ ਤੀਜਾ ਹਿੱਸਾ ਵੀ ਨਹੀਂ ਆਉਂਦੀ। ਦੇਣਾ ਉਹੀ ਫਲੈਟ ਰੇਟ।

ਗੁਰਮੇਲ ਸਿੰਘ ਮਡਾਹੜ ਕਿਉਂਕਿ ਖੁਦ ਪ੍ਰਗਤੀਵਾਦੀ ਸੋਚ ਦਾ ਧਾਰਨੀ ਲੇਖਕ ਹੈ, ਇਸ ਲਈ ਉਸ ਨੂੰ ਨਾਇਕ ਖਲਨਾਇਕ ਦੀ ਚੰਗੀ ਤਰ੍ਹਾਂ ਪਰਖ ਹੈ। ਇਸੇ ਕਰਕੇ ਉਸ ਦੇ ਪਾਤਰ 'ਦੁਸ਼ਮਣ ਕੌਣ?' ਦੀ ਤਫ਼ਤੀਸ਼ ਕਰਦੇ ਸਮੱਸਿਆ ਦੇ ਕਾਰਨਾਂ ਤੱਕ ਪੰਹੁਚਣ ਲਈ ਤਤਪਰ ਰਹਿੰਦੇ ਹਨ। ਕਿਸਾਨੀ ਸਮੱਸਿਆਵਾਂ ਦਾ ਇੱਕ ਵਿਕਰਾਲ ਕਾਰਨ ਬਿਜਲੀ ਦੇ ਅਣਮਿਥੇ ਕੱਟ ਹਨ, ਜਿਨ੍ਹਾਂ ਨੇ ਕਿਸਾਨ ਦੀ ਫ਼ਸਲ ਸੁਕਾ ਛੱਡੀ ਹੈ। ਕਿਸਾਨੀ ਜੀਵਨ ਦੀ ਸਾਰੀ ਅਰਥਿਕਤਾ ਇਸੇ ਫ਼ਸਲ ਤੇ ਟੀਕੀ ਹੋਣ ਕਰਕੇ ਕਿਸਾਨ ਦੇ ਲੱਖ ਹੱਥ ਪੈਰ ਮਾਰਨ ਦੇ ਬਾਵਜੂਦ ਜਦੋਂ ਉਸ ਦੀ ਫ਼ਰਿਆਦ ਨਹੀਂ ਸੁਣੀ ਜਾਂਦੀ ਤਾਂ 'ਇੱਕ ਸਵਾਲ' ਕਹਾਣੀ ਵਿਚਲੇ ਬਜ਼ੁਰਗ ਵਾਂਗ ਉਹ ਸਰਕਾਰੇ-ਦਰਬਾਰੇ ਪਹੁੰਚਣ ਲਈ ਸੋਚਦਾ ਹੈ, ਪਰ ਉੱਥੇ ਪਹੁੰਚ ਕੇ ਉਸ ਦੀ ਹੈਰਾਨੀ ਦੀ ਕੋਈ ਹੱਦ ਨਹੀਂ ਰਹਿੰਦੀ ਕਿ ਸ਼ਹਿਰੀ ਲੋਕ ਬਿਜਲੀ ਕਿੰਨੀ ਫ਼ਜ਼ੂਲ ਖਰਚਦੇ ਹਨ। ਭਾਵੇਂ ਕਿਸਾਨ ਨੂੰ ਬਿਜਲੀ ਮਹਿਕਮੇ ਦੇ ਅਫ਼ਸਰ ਦਾ ਲਾਰਾ, ਮੀਂਹ ਨਾ ਪੈਣ ਕਾਰਨ ਡੈਮ ਸੁੱਕ ਗਿਆ ਹੈ। ਜਿਸ ਕਰਕੇ ਬਿਜਲੀ ਘੱਟ ਪੈਦਾ ਹੁੰਦੀ ਹੈ ਵੀ ਯਾਦਾ ਰਹਿੰਦਾ ਹੈ। ਪਰ ਨਾਲ ਉਸ ਦਾ ਅਫਸਰ ਨੂੰ ਦਿੱਤਾ ਜਵਾਬ ਕਿ ਬਿਜਲੀ ਘੱਟ ਕਰਨ ਤੇ ਬਿਲਾਂ ਨੂੰ ਵੀ ਘਟਾਓਂ ਘੱਟ ਮਹੱਤਵਪੂਰਨ ਨਹੀਂ। ਪਰ ਉਹ ਆਪਣੀ ਸੁੱਕ ਰਹੀ ਪੈਲੀ ਨੂੰ ਦੇਖ ਕੇ ਸ਼ਹਿਰ ਜਾ ਕੇ ਅਫ਼ਸਰਾਂ ਨੂੰ ਮਿਲਣ ਲਈ ਮਜ਼ਬੂਰ ਹੁੰਦਾ ਹੈ। ਸ਼ਹਿਰ ਵਿੱਚ ਰਈਸ ਦੇ ਘਰ ਵਿਆਹ ਵਿਚ ਟਿਊਬਾਂ ਨਾਲ ਫਰਲਾਂਗ ਲੰਬੀ ਗਲੀ ਦੀ ਜਗਮਗ ਨੂੰ ਦੇਖ ਕੇ ਉਸ ਦਾ ਤ੍ਰਾਹ ਨਿੱਕਲ ਜਾਂਦਾ ਹੈ। ਜਿਸ ਬਿਜਲੀ ਦੀ ਘਾਟ ਕਾਰਨ ਉਸ ਦੀ ਫ਼ਸਲ ਤਬਾਹ ਹੋ ਰਹੀ ਸੀ, ਉਸੇ ਬਿਜਲੀ ਨੂੰ ਅਮੀਰ ਲੋਕ ਸ਼ਰੇਆਮ ਫਜ਼ੂਲ ਵਰਤ ਰਹੇ ਹਨ। ਇਹ ਸਭ ਦੇਖ ਕੇ ਉਸ ਦੀ ਮਾਨਸਿਕਤਾ ਪੀੜ-ਪੀੜ ਹੋ ਜਾਂਦੀ ਹੈ। ਉਸ ਦੀਆਂ ਅੱਖਾਂ ਚੁੰਧਿਆਂ ਗਈਆਂ ਤੇ ਉਸ ਨੂੰ ਉਸਦੀ ਔੜ ਮਾਰੀ ਫਸਲ 'ਚੋਂ ਬਿਜਲੀ-ਅੱਗ ਦੀਆਂ ਲੱਪਟਾਂ ਉੱਠਦੀਆਂ ਮਹਿਸੂਸ ਹੋਈਆਂ।

ਇੰਨ੍ਹਾਂ ਸਭ ਪ੍ਰਾਪਤ ਸਥਿਤੀਆਂ ਦੇ ਬਾਵਜੂਦ ਗੁਰਮੇਲ ਮਡਾਹੜ ਦੇ ਪਾਤਰ ਪ੍ਰਾਪਤ ਯਥਾਰਥ ਦਾ ਕੇਵਲ ਰੁਦਨ ਕਰਦੇ ਦਿਖਾਈ ਨਹੀਂ ਦਿੰਦੇ, ਸਗੋਂ ਇੱਛਤ ਯਥਾਰਥ ਦੀ ਭਾਲ ਵਿੱਚ ਲੋਕਤੰਤਰ ਦੀ ਪੈਰਵੀ ਕਰਦਿਆਂ ਆਪਣੀ ਮੰਗ ਸਰਕਾਰੇ-ਦਰਬਾਰੇ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ। ਇਹੀ ਕਾਰਨ ਹੈ ਕਿ ਬਜ਼ੁਰਗ ਕਹਾਣੀ ਦੇ ਅਖ਼ੀਰ ਵਿੱਚ ਇੱਕ ਸਵਾਲ ਲੈ ਕੇ ਝੰਡੇ ਵਾਲੀ ਮੰਤਰੀ ਜੀ ਦੀ ਕਾਰ ਦੇ ਪਿੱਛੇ-ਪਿੱਛੇ ਚੱਲ ਪਿਆ।

ਇਸ ਤਰ੍ਹਾਂ ਅਸੀਂ ਭਲੀ-ਭਾਂਤ ਸਮਝ ਸਕਦੇ ਹਾਂ ਕਿ ਗੁਰਮੇਲ ਮਡਾਹੜ ਅਜਿਹਾ ਕਹਾਣੀਕਾਰ ਹੈ, ਜੋ ਮਾਰਕਸੀ ਚਿੰਤਨ ਨਾਲ ਜੁੜਿਆ ਹੋਣ ਕਰਕੇ ਕਿਸਾਨੀ ਨੂੰ ਦਰਪੇਸ਼ ਸਮੱਸਿਆਵਾਂ ਦਾ ਮੁਲਾਂਕਣ ਹੀ ਨਹੀਂ ਕਰਦਾ, ਸਗੋਂ ਕਿਸਾਨ ਸੰਕਟ ਦੇ ਕਾਰਨਾਂ ਦੀ ਤਹਿ ਤੱਕ ਵੀ ਪੁੱਜਦਾ ਹੈ। ਇਹੀ ਕਾਰਨ ਹੈ ਕਿ ਉਸ ਦੀਆਂ ਕਹਾਣੀਆਂ ਵਿਚਲੇ ਕਿਸਾਨ ਸਥਿਤੀਆਂ ਦੇ ਸਤਾਏ ਹੋਏ ਖੁਦਕੁਸ਼ੀ ਦੇ ਰਾਹ ਵੱਲ ਤੁਰਨ ਦੀ ਬਜਾਇ ਆਪਣੀ ਸੋਚ ਸਮਝ ਦੇ ਅਨੁਸਾਰ ਆਪਣੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਪ੍ਰਤੀਬੱਧ ਰਹਿੰਦੇ ਹਨ। ਉਸ ਦੀਆਂ ਕਹਾਣੀਆਂ ਵਿਚਲੀ ਕਿਸਾਨੀ ਚੇਤਨਾ ਸਮੁੱਚੇ ਕਿਸਾਨ ਵਰਗ ਦੀ ਰਹਿਨੁਮਾਈ ਕਰਨ ਵਾਲੀ ਹੈ। ਬੇਸ਼ੱਕ ਉਸਦੀਆ ਕਿਸਾਨਾਂ ਨਾਲ ਸੰਬੰਧਿਤ ਕਹਾਣੀਆਂ ਦੇ ਵਿਅੰਗ ਤੇ ਕਟਾਖਸ਼ ਬਹੁਤ ਤਿੱਖੇ ਨਹੀਂ, ਪ੍ਰੰਤੂ ਪਾਠਕਾਂ ਅੱਗੇ ਸਮੁੱਚੀ ਕਿਸਾਨੀ ਹਾਲਤ ਹੀ ਸਹੀ ਤਸਵੀਰ ਪੇਸ਼ ਕਰਨ ਵਾਲੇ ਹਨ।

## ਟਿੱਪਣੀਆਂ ਅਤੇ ਹਵਾਲੇ


1. ਡਾ. ਤੇਜਵੰਤ ਮਾਨ 'ਸਮਾਜਿਕ ਚੇਤਨਾ ਅਤੇ ਲੇਖਕ', 1999 ਲਿਟਰੇਚਰ ਹਾਊਸ ਅੰਮ੍ਰਿਤਸਰ।
2. 'ਗੁਲਪਕਾਰ ਗੁਰਮੇਲ ਮਡਾਹੜ' ਸੰਪਾਦਕ ਡਾ. ਤੇਜਵੰਤ ਮਾਨ, 1990,
3. ਅਣਗੌਲੇ ਅਦਮੀ ਗੁਰਮੇਲ ਮਡਾਹੜ ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ, 1974
4. ਦਲਿਤ ਚਿੰਤਨ: ਮਾਰਕਸੀ ਪਰਿਪੇਖ- ਡਾ. ਭੀਮ ਇੰਦਰ
5. ਅਣਗੌਲੇ ਆਦਮੀ ਗੁਰਮੇਲ ਮਡਾਹੜ ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ, 1974
6. ਹਰਮੇਸ਼ ਮਾਲੜ੍ਹੀ 'ਦਰਦ ਕਹਾਣੀ ਪਿੰਡਾਂ ਦੇ ਮਜ਼ਦੂਰਾਂ ਦੀ' ਪੰਜਾਬੀ ਟ੍ਰਿਬਿਊਨ, 15 ਦਸੰਬਰ, 2006
7. ਡਾ.ਟੀ.ਆਰ. ਸ਼ਰਮਾ 30 ਕਰੋੜ ਬਦਕਿਸਮਤ ਲੋਕ ਜਿੰਨ੍ਹਾਂ ਦੀ ਦੇਸ਼ ਵਿਚ ਕੋਈ ਅਹਿਮਤੀਅਤ ਨਹੀਂ, ਰੋਜਾਨਾ, ਅਜੀਤ, 10 ਦਸਬੰਰ, 2006
8. ਗੁਰਮੇਲ ਮਡਾਹੜ ਜੰਗ ਜਾਰੀ ਹੈ, 1981 ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ
9. ਗੁਰਮੇਲ ਮਡਾਹੜ 'ਕੱਚੇ ਕੋਠਿਆਂ ਦੇ ਵਾਸੀ' 1978, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ
10. Amntonio Gram Sci, Prison Note-books, London, 1972
11. ਬ੍ਰਹਮਜਗਦੀਸ਼ ਸਿੰਘ, 'ਸਮਾਲੋਚਨਾ ਤੇ ਪੰਜਾਬੀ ਆਲੋਚਨਾ'
12. ਗੁਰਮੇਲ ਮਡਾਹੜ, 'ਇਖ਼ਲਾਕ ਗੁੰਮ ਹੈ', ਲਿਟਰੇਚਰ ਹਾਊਸ ਪੁਤਲੀਘਰ, ਅੰਮ੍ਰਿਤਸਰ
13. ਗੁਰਮੇਲ ਮਡਾਹੜ 'ਮਹਾਂਬਲੀ' ਦੇ ਲਿਟਰੇਚਰ ਹਾਊਸ ਪੁਤਲੀਘਰ, ਅੰਮ੍ਰਿਤਸਰ, 1995